Trans Care BC
Provincial Health Services Authority

# ਅੰਤਰਮਿ (ਆਰਜ਼ੀ) ਫੈਡਰਲ ਹੈਲਥ ਪ੍ਰੋਗਰਾਮ ‘ਤੇ ਲੰਿਗ-ਪ੍ਰਮਾਣਕਿ ਸਹਿਤ ਸੇਵਾਵਾਂ ਤੱਕ ਪਹੁੰਚ ਕਰਨਾ।

ਅੰਤਰਮਿ (ਆਰਜ਼ੀ) ਫੈਡਰਲ ਹੈਲਥ ਪ੍ਰੋਗਰਾਮ (**ਆਈ ਐੱਫ਼ ਐੱਚ ਪੀ**) ਕੁਝ ਨਵੇਂ ਆਏ ਲੋਕਾਂ ਅਤੇ ਸ਼ਰਨਾਰਥੀਆਂ ਲਈ ਅਸਥਾਈ ਕੈਨੇਡਾ-ਵਿਆਪੀ ਸਹਿਤ ਸੰਭਾਲ ਕਵਰੇਜ ਜਾਂ ਸੁਰੱਖਿਆ ਪ੍ਰਦਾਨ ਕਰਦਾ ਹੈ। ਆਈ ਐੱਫ਼ ਐੱਚ ਪੀ ਦੀ ਮੁਢਲੀ ਕਵਰੇਜ ਜਾਂ ਸੁਰੱਖਿਆ ਸੇਵਾ (ਡਾਕਟਰ ਤੋਂ ਚੈੱਕਅਪ, ਖੂਨ ਦੀ ਜਾਂਚ, ਹਸਪਤਾਲ ਤੋਂ ਇਲਾਜ) ਉਦੋਂ ਤੱਕ ਚੱਲਦੀ ਹੈ ਜਦੋਂ ਤੱਕ ਵਿਅਕਤੀ ਸੂਬਾਈ ਸਹਿਤ ਬੀਮਾ (ਐੱਮ ਐੱਸ ਪੀ, ਬੀ.ਸੀ.) ਵੱਲੋਂ ਇਸ ਦੀ ਪੂਰੀ ਕਵਰੇਜ ਜਾਂ ਸੁਰੱਖਿਆ (ਦਵਾਈ, ਕਾਊਂਸਲੰਿਗ, ਅੱਖਾਂ ਦੀ ਸਹਤਿ-ਸੰਭਾਲ, ਦੰਦਾਂ, ਫਜ਼ਿੀਉਥੈਰੇਪੀ ਆਦਿ) ਲਈ ਯੋਗ ਨਹੀਂ ਹੁੰਦਾ, ਇਹ ਇੱਕ ਸਾਲ ਜਾਂ ਸ਼ਰਨਾਰਥੀ ਦਾਅਵੇ ਜਾਂ ਸਪਾਂਸਰਸ਼ਪਿ ਸਮਝੌਤੇ ਦੀ ਮਆਿਦ ਤੱਕ ਚੱਲਦੀ ਹੈ। ਇਹ ਦੇਖਣ ਲਈ ਕ ਿਕੀ ਤੁਸੀ ਯੋਗ ਹੋ, ਮੇਡਾਵੀ ਬਲੂ ਕਰਾਸ ਨੂੰ 1-888-614-1880 ‘ਤੇ ਕਾਲ ਕਰੋ (ਹਰੇਕ ਕੈਨੇਡੀਅਨ ਟਾਈਮ ਜ਼ੋਨ ਵੱਿਚ 08:30 ਤੋਂ 16:30 ਤੱਕ)।
ਤੁਸੀ **ਇੱਥੇ** ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

### ਲੰਿਗ-ਪੁਸ਼ਟੀ ਦੇਖਭਾਲ ਦੀ ਮੰਗ ਕਰਨ ਵਾਲੇ ਵਅਿਕਤੀਆਂ ਲਈ ਆਈ ਐੱਫ਼ ਐੱਚ ਪੀ ਕਵਰੇਜ ਜਾਂ ਸੁਰੱਖਿਆ ਵੱਿਚ ਇਹ ਸ਼ਾਮਲ ਹੈ:

- ਕਸਿੇ ਮੁਢਲੀ ਸਹਿਤ ਸੇਵਾ ਪ੍ਰਦਾਨ ਕਰਨ ਵਾਲੇ (ਫੈਮਲੀ ਡਾਕਟਰ) ਜਾਂ ਮਾਹਰ (ਐਂਡੋਕਰੀਨੋਲੋਜਸਿਟ ਆਦਿ) ਨੂੰ ਮਲਿਣਾ ਜੋ ਆਈ ਐੱਫ਼ ਐੱਚ ਪੀ ਨਾਲ ਰਜਸਿਟਰ ਹੈ। ਇੱਕ ਫੈਮਲੀ ਡਾਕਟਰ ਜਾਂ ਮਾਹਰ ਤੁਹਾਡੀ ਇਹ ਮਦਦ ਕਰ ਸਕਦਾ ਹੈ:
  - ਾਰਮੋਨ ਥੈਰੇਪੀ (ਹਾਰਮੋਨ ਇਲਾਜ ਪ੍ਰਨਾਲੀ) ਸ਼ੁਰੂ ਕਰਨਾ।
  - ਹਾਰਮੋਨ ਥੈਰੇਪੀ ਜਾਰੀ ਰੱਖਣ ਲਈ ਜੋ ਤੁਹਾਨੂੰ ਪਹਲਿਾਂ ਹੀ ਤਜਵੀਜ਼ ਕੀਤੀ ਗਈ ਹੈ।
  - ਸਰਜੀਕਲ ਤਆਿਰੀ ਦੇ ਮੁਲਾਂਕਣ ਲਈ ਤੁਹਾਨੂੰ ਰੈਫ਼ਰ (ਮਾਹਰ ਡਾਕਟਰ ਕੋਲ ਭੇਜਣਾ) ਕਰਨਾ।
  - ਲੰਿਗ-ਪੁਸ਼ਟੀ ਕਰਨ ਵਾਲੀ ਸਰਜਰੀ ਵਾਸਤੇ ਤੁਹਾਨੂੰ ਰੈਫ਼ਰ ਕਰਨਾ।
  - ਹਾਰਮੋਨ ਦੇ ਨੁਸਖ਼ੇ ਲਖਿਣੇ।
- ਕਰਿਪਾ ਕਰਕੇ ਨੋਟ ਕਰੋ ਕ ਿਕੁਝ ਕਸਿਮ ਦੀਆਂ ਹਾਰਮੋਨ ਥੈਰੇਪੀ (ਇਲਾਜ ਪ੍ਰਨਾਲੀਆਂ) ਕਵਰ (ਸੁਰੱਖਿਆ ਸੇਵਾ ਹੇਠ) ਨਹੀਂ ਹੋ ਸਕਦੀਆਂ ਅਤੇ ਆਈ ਐੱਫ਼ ਐੱਚ ਪੀ ਰਾਹੀਂ ਹਾਰਮੋਨ ਨੁਸਖ਼ਿਆਂ ਲਈ ਕਵਰੇਜ ਲੈਣ ਵੱਿਚ ਮੁਸ਼ਕਲ ਹੋ ਸਕਦੀ ਹੈ।
- ਇੱਕ ਆਈ ਐੱਫ਼ ਐੱਚ ਪੀ ਰਜਸਿਟਰਡ ਡਾਕਟਰ (ਸੇਵਾ ਪ੍ਰਦਾਨ ਕਰਤਾ) ਨੂੰ ਲੱਭਣ ਵੱਿਚ ਸਹਾਇਤਾ ਲਈ ਟ੍ਰਾਂਸ ਕੇਅਰ ਬੀ ਸੀ ਨਾਲ ਸੰਪਰਕ ਕਰੋ।

### ਆਈ ਐੱਫ਼ ਐੱਚ ਪੀ ਇਹ ਕਵਰ ਨਹੀ ਕਰਦਾ (ਇਹ ਸੇਵਾ ਲੈਣ ਲਈ ਤੁਹਾਨੂੰ ਐੱਮ ਐੱਸ ਪੀ ਦੀ ਲੋੜ ਹੋਵੇਗੀ):

- ਲੰਿਗ-ਪੁਸ਼ਟੀ ਕਰਨ ਵਾਲੀ ਸਰਜਰੀ ਦੀ ਸਲਾਹ ਲੈਣ ਲਈ।
- ਲੰਿਗ-ਪੁਸ਼ਟੀ ਕਰਨ ਵਾਲੀ ਸਰਜਰੀ ਕਰਵਾਉਣ ਲਈ।

ਲਾਭ ਅਤੇ ਯੋਗਤਾ ਸਮੇਂ ਦੇ ਨਾਲ ਬਦਲ ਸਕਦੇ ਹਨ, ਇਸ ਲਈ ਨਵੇਂ ਵੇਰਵਿਆਂ ਦੀ ਪੁਸ਼ਟੀ ਲਈ ਹੇਠਾਂ ਸੂਚੀਬੱਧ ਸੰਸਥਾਵਾਂ ਨਾਲ ਸੰਪਰਕ ਕਰਨ ਦੀ ਸਫ਼ਿਾਰਸ਼ ਕੀਤੀ ਜਾਂਦੀ ਹੈ।

## ਆਈ ਐੱਫ਼ ਐੱਚ ਪੀ ਵੱਿਚ ਨਾਂ ਦਰਜ ਕਰਾਉਣਾ:

### 1. ਸ਼ਰਨਾਰਥੀ/ਸੁਰੱਖਿਅਤ ਸਥਤਿੀ ਲਈ ਅਰਜ਼ੀ ਦਓਿ:

ਕੈਨੇਡਾ ਸਰਕਾਰ ਕੈਨੇਡਾ ਵੱਿਚ ਰਫ਼ਿਊਜੀ ਜਾਂ **ਸੁਰੱਖਿਆ ਦੀ ਮੰਗ ਕਰਨ ਬਾਰੇ ਜਾਣਕਾਰੀ ਦੰਿਦੀ ਹੈ।** ਆਈ ਐੱਫ਼ ਐੱਚ ਪੀ ਵੱਿਚ ਨਾਂ ਆਪਣੇ ਆਪ ਦਰਜ ਹੁੰਦਾ ਹੈ; ਜਦੋਂ ਕੋਈ ਵਅਿਕਤੀ ਆਪਣਾ ਦਾਅਵਾ (ਕਲੇਮ) ਪੇਸ਼ ਕਰਦਾ ਹੈ ਤਾਂ ਉਸ ਨੂੰ ਇੱਕ ਪ੍ਰਮਾਣ ਪੱਤਰ ਮਲਿਦਾ ਹੈ, ਜਸਿ ਨੂੰ ਦਾਅਵੇ ਦੀ ਰਸੀਦ ਕਹਿਾ ਜਾਂਦਾ ਹੈ। ਦਾਅਵੇ ਦੀ ਦਸਤਾਵੇਜ਼ੀ ਰਸੀਦ ਵੱਿਚ ਵਅਿਕਤੀ ਆਪਣਾ ਆਈ ਐੱਫ਼ ਐੱਚ ਪੀ ਵੱਿਚ ਦਾਖਲ ਹੋਇਆ ਨਾਂ ਲੱਭ ਸਕਦਾ ਹੈ। ਕਸਿ ਵਅਿਕਤੀ ਦਾ ਆਈ ਐੱਫ਼ ਐੱਚ ਪੀ ਨੰਬਰ ਉਸ ਦੇ ਯੂਨੀਕ ਕਲਾਈਂਟ ਆਈ ਡੀ ਵਾਲਾ ਨੰਬਰ ਹੀ ਹੁੰਦਾ ਹੈ।

ਰੇਨਬੋਅ ਰਫ਼ਿਊਜੀ ਕੋਲ ਕੈਨੇਡਾ ਵੱਿਚ ਲੰਿਗਕ ਪਛਾਣ ਅਤੇ ਜਨਿਸੀ ਅਸਮਾਨਤਾ ਅਨੁਕੂਲ ਸ਼ਰਨਾਰਥੀ ਦਾਅਵਾ ਪੇਸ਼ ਕਰਨ ਬਾਰੇ ਦਸ਼ਿਾ ਨਰਿਦੇਸ਼ ਅਤੇ ਜਾਣਕਾਰੀ ਵੀ ਹੈ। ਜੇਕਰ ਤੁਸੀ ਇਸ ਪ੍ਰਕਰਿਆਿ ਵੱਿਚ ਸਹਾਇਤਾ ਦੀ ਭਾਲ ਕਰ ਰਹੇ ਤਾਂ **ਰੇਨਬੋਅ ਰਫ਼ਿਊਜੀ** ਨਾਲ ਸੰਪਰਕ ਕਰੋ।

Trans Care BC
Provincial Health Services Authority

# ਅੰਤਰਮਿ (ਆਰਜ਼ੀ) ਫੈਡਰਲ ਹੈਲਥ ਪ੍ਰੋਗਰਾਮ ‘ਤੇ ਲਿੰਗ-ਪ੍ਰਮਾਣਕਿ ਸਹਿਤ ਸੇਵਾਵਾਂ ਤੱਕ ਪਹੁੰਚ ਕਰਨਾ।

### 2. ਉਹਨਾਂ ਲਈ ਜੋ ਸਰਕਾਰੀ ਸਹਾਇਤਾ ਪ੍ਰਾਪਤ ਰਫ਼ਿਊਜੀ ਜਾਂ ਪ੍ਰਾਈਵੇਟ ਸਪਾਂਸਰਸ਼ਪਿ ਪ੍ਰੋਗਰਾਮਾਂ ਅਧੀਨ ਕੈਨੇਡਾ ਆਉਂਦੇ ਹਨ:

ਆਈ ਐੱਫ਼ ਐੱਚ ਪੀ ਦੀ ਕਵਰੇਜ ਉਸ ਵਅਿਕਤੀ ਦੇ ਕੈਨੇਡਾ ਪਹੁੰਚਣ ਤੋਂ ਪਹਲਿਾਂ ਸ਼ੁਰੂ ਹੋ ਜਾਂਦੀ ਹੈ। ਇਹ ਸਫ਼ਿਾਰਸ਼ ਕੀਤੀ ਜਾਂਦੀ ਹੈ ਕਿ ਜਦ ਉਹ ਵਅਿਕਤੀ ਕੈਨੇਡੀਅਨ ਜ਼ਮੀਨ ਉੱਤੇ ਉਤਾਰਾ ਕਰਦਾ ਹੈ ਤਾਂ ਤੁਰੰਤ ਐੱਮ ਐੱਸ ਪੀ (ਮੈਡੀਕਲ ਸਰਵਸਿ ਪਲਾਨ) ਲਈ ਅਰਜ਼ੀ ਦੇ ਦੇਵੇ। ਇੱਕ ਗ਼ਲਤ ਧਾਰਨਾ ਹੈ ਕਿ ਨਵੇਂ ਆਉਣ ਵਾਲਿਆਂ ਨੂੰ ਅਪਲਾਈ ਕਰਨ ਲਈ ਤੰਿਨ ਮਹੀਨੇ ਉਡੀਕ ਕਰਨੀ ਪੈਂਦੀ ਹੈ। ਇਹ ਗ਼ਲਤ ਧਾਰਨਾ ਉਸ ਸਮੇਂ ਤੋਂ ਪੈਦਾ ਹੋਈ ਹੈ ਜਦੋਂ ਐੱਮ ਐੱਸ ਪੀ ਦੀ ਪ੍ਰਕਰਿਆਿ ਦਾ ਸਮਾਂ 3 ਮਹੀਨੇ ਹੁੰਦਾ ਸੀ।

## ਆਈ ਐੱਫ਼ ਐੱਚ ਪੀ ਦੁਆਰਾ ਕਵਰ ਕੀਤੇ ਜਾਣ ਤੋਂ ਬਾਅਦ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ ਤੱਕ ਪਹੁੰਚ ਕਰਨਾ:

ਲਿੰਗ-ਪੁਸ਼ਟੀ ਦੇਖਭਾਲ ਤੱਕ ਪਹੁੰਚਣ ਲਈ ਤੁਸੀ ਇਹ ਕਰ ਸਕਦੇ ਹੋ:

### 1. ਇੱਕ ਆਈ ਐੱਫ਼ ਐੱਚ ਪੀ ਰਜਸਿਟਰਡ ਸਹਿਤ ਸੇਵਾ ਦੇਣ ਵਾਲਾ ਲੱਭੋ ਜੋ ਤੁਹਾਡੀ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ ਦਾ ਸਮਰਥਨ ਕਰ ਸਕਦਾ ਹੈ:

ਸਾਰੇ ਸਥਾਨਕ ਰਜਸਿਟਰਡ ਸੇਵਾ ਦੇਣ ਵਾਲਆਿਂ ਦੀ ਸੂਚੀ **ਇੱਥੇ** ਉਪਲਬਧ ਹੈ। ਇਹ ਸੂਚੀ ਇਸ ਗੱਲ ਦਾ ਵੇਰਵਾ ਨਹੀ ਦੰਿਦੀ ਕਿ ਕੀ ਕੋਈ ਸਹਿਤ ਦੇਣ ਵਾਲਾ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ ਪ੍ਰਦਾਨ ਕਰਨ ਦੇ ਯੋਗ ਹੈ ਜਾਂ ਨਹੀਂ। **ਟ੍ਰਾਂਸ ਕੇਅਰ ਬੀ ਸੀ ਹੈਲਥ ਨੈਵੀਗੇਸ਼ਨ (ਰਾਹ ਦੱਸਣ ਵਾਲੀ) ਟੀਮ** ਇਹ ਜਾਣਨ ਵੱਿਚ ਤੁਹਾਡੀ ਮਦਦ ਕਰ ਸਕਦੀ ਹੈ ਕਿ ਤੁਸੀ ਆਪਣੀ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ ਦੀ ਸਹਾਇਤਾ ਲੈਣ ਲਈ ਕਹਿੜੇ ਸਹਿਤ ਸੇਵਾ ਦੇਣ ਵਾਲੇ ਨੂੰ ਮਲਿ ਸਕਦੇ ਹੋ ਅਤੇ ਉਸ ਨਾਲ ਆਪਣੀਆਂ ਦੇਖਭਾਲ ਦੀਆਂ ਲੋੜਾਂ ਬਾਰੇ ਕਵਿੇਂ ਗੱਲ ਕਰਨੀ ਹੈ।

### 2. ਸਹਿਤ ਸੇਵਾ ਦੇਣ ਵਾਲੇ (ਡਾਕਟਰ ਜਾਂ ਨਰਸ) ਨਾਲ ਗੱਲ ਕਰੋ, ਜਸਿ ਦੀ ਤੁਸੀ ਭਾਲ ਕਰ ਰਹੇ ਹੋ:

ਇੱਕ ਵਾਰ ਜਦ ਤੁਹਾਨੂੰ ਇੱਕ ਆਈ ਐੱਫ਼ ਐੱਚ ਪੀ ਰਜਸਿਟਰਡ ਸਹਿਤ ਸੇਵਾ ਦੇਣ ਵਾਲਾ (ਡਾਕਟਰ) ਮਲਿ ਜਾਂਦਾ ਹੈ ਜੋ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਪੂਰੀਆਂ ਕਰਨ ਦੇ ਯੋਗ ਹੁੰਦਾ ਹੈ, ਤੁਸੀ ਉਸ ਨਾਲ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ ਬਾਰੇ ਗੱਲ ਕਰ ਸਕਦੇ ਹੋ ਜਸਿ ਦੀ ਤੁਹਾਨੂੰ ਲੋੜ ਹੈ ਜਾਂ ਤੁਹਾਡੇ ਸਵਾਲ ਹਨ।

ਤੁਹਾਡੇ ਸਹਿਤ ਸੇਵਾ ਦੇਣ ਵਾਲੇ ਕੋਲ ਲਿੰਗ-ਪੁਸ਼ਟੀ ਦੇਖਭਾਲ ਪ੍ਰਦਾਨ ਕਰਨ ਦਾ ਤਜਰਬਾ ਹੋ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ ਹੈ। ਜੇ ਤੁਹਾਡੇ ਸੇਵਾ ਪ੍ਰਦਾਨ ਕਰਤਾ ਨੂੰ ਲਿੰਗ-ਪੁਸ਼ਟੀ ਦੇਖਭਾਲ ਪ੍ਰਦਾਨ ਕਰਨ ਬਾਰੇ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਉਸ ਵਾਸਤੇ ਉਹ **ਰੇਸ ਲਾਈਨ** ਜਾਂ **ਟ੍ਰਾਂਸ ਕੇਅਰ ਬੀ ਸੀ ਹੈਲਥ ਨੈਵੀਗੇਸ਼ਨ ਟੀਮ** ਨਾਲ ਸੰਪਰਕ ਕਰ ਸਕਦਾ ਹੈ।

ਕਸਿੇ ਸਹਿਤ ਸੇਵਾ ਪ੍ਰਦਾਨ ਕਰਤਾ ਨਾਲ ਨੱਿਜੀ ਅਤੇ ਲਿੰਗ-ਸਹਿਤ ਜਾਣਕਾਰੀ ਬਾਰੇ ਗੱਲ ਕਰਨਾ ਚੁਨੌਤੀ ਪੂਰਨ ਹੋ ਸਕਦਾ ਹੈ। ਜੇ ਤੁਹਾਨੂੰ ਉਸ ਦੇਖਭਾਲ ਬਾਰੇ ਗੱਲ ਕਰਨ ਵੱਿਚ ਮੁਸ਼ਕਲ ਆ ਰਹੀ ਹੈ ਜਸਿ ਦੀ ਤੁਸੀ ਭਾਲ ਕਰ ਰਹੇ ਹੋ ਤਾਂ ਕਰਿਪਾ ਕਰਕੇ **ਟ੍ਰਾਂਸ ਕੇਅਰ ਬੀ ਸੀ** ਨਾਲ ਸੰਪਰਕ ਕਰੋ।

### 3. ਹਾਰਮੋਨ ਥੈਰੇਪੀ (ਹਾਰਮੋਨ ਇਲਾਜ ਪ੍ਰਨਾਲੀ) ਸ਼ੁਰੂ ਕਰਨਾ ਜਾਂ ਸਰਜਰੀ ਕਰਵਾਉਣਾ:

ਹਾਰਮੋਨ ਬਦਲਣ ਵਾਲੀ ਥੈਰੇਪੀ (ਇਲਾਜ ਪ੍ਰਨਾਲੀ) ਦੇਣ ਬਾਰੇ ਕੁਛ ਇਸ ਤਰ੍ਹਾਂ ਹੋ ਸਕਦਾ ਹੈ ਕਿ ਤੁਹਾਡਾ ਸਹਿਤ ਸੇਵਾ ਪ੍ਰਦਾਨ ਕਰਤਾ ਤੁਹਾਡੇ ਲਈ ਆਪ ਹੀ ਦੇ ਸਕਦਾ ਹੋਵੇ ਜਾਂ ਉਸ ਨੂੰ ਤੁਹਾਨੂੰ ਹੋਰ ਸੇਵਾਵਾਂ ਵਾਲੇ ਕੋਲ ਭੇਜਣ ਦੀ ਲੋੜ ਹੋ ਸਕਦੀ ਹੈ। ਤੁਹਾਡਾ ਸਹਿਤ ਸੇਵਾ ਦੇਣ ਵਾਲਾ ਤੁਹਾਨੂੰ ਹਾਰਮੋਨ ਥੈਰੇਪੀ ਲੈਣ ਵੱਿਚ ਮਦਦ ਕਰਨ ਲਈ **ਟ੍ਰਾਂਸ ਕੇਅਰ ਬੀ ਸੀ ਹੈਲਥ ਨੇਵੀਗੇਸ਼ਨ ਟੀਮ** ਜਾਂ **ਰੇਸ ਲਾਈਨ** ਨਾਲ ਸੰਪਰਕ ਕਰ ਸਕਦਾ ਹੈ।

ਤੁਹਾਡਾ ਸਹਿਤ ਸੇਵਾ ਦੇਣ ਵਾਲਾ ਤੁਹਾਡੀ ਸਰਜਰੀ ਦੀ ਲੋੜ ਬਾਰੇ ਦੱਸ ਸਕਦਾ ਹੈ ਅਤੇ ਇਸ ਪ੍ਰਕਰਿਆਿ ਨੂੰ ਪੂਰੀ ਕਰਨ ਲਈ ਯੋਗ ਅਗਵਾਈ ਕਰ ਸਕਦਾ ਹੈ। ਸਰਜਰੀ ਲਈ ਰੈਫ਼ਰ ਕਰਨ ਵਾਸਤੇ ਤੁਹਾਡੇ ਸਹਿਤ ਸੇਵਾ ਦੇਣ ਵਾਲੇ ਨੂੰ ਜਾਣਕਾਰੀ **ਟ੍ਰਾਂਸ ਕੇਅਰ ਬੀ ਸੀ ਦੀ ਵੈੱਬਸਾਈਟ** ’ਤੇ ਮਲਿ ਸਕਦੀ ਹੈ। ਸਰਜਰੀ ਲਈ ਰੈਫ਼ਰ ਕੀਤੇ ਜਾਣ ਤੋਂ ਪਹਲਿਾਂ ਇੱਕ ਸਰਜੀਕਲ ਸਫ਼ਿਾਰਸ਼ਿ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ (ਗੋਨਾਡੈਕਟੋਮੀ ਦੇ ਖੁਲਾਸੇ ਜਾਂ ਹਵਾਲੇ ਮੁਤਾਬਕ ਇੱਕ ਸਰਜੀਕਲ ਸਫ਼ਿਾਰਸ਼ ਦੀ ਲੋੜ ਹੋ ਸਕਦੀ ਹੈ)। ਤੁਸੀ ਆਈ ਐੱਫ਼ ਐੱਚ ਪੀ ਉੱਤੇ ਹੋਣ ਵੇਲੇ ਸਰਜਰੀ ਦੀ ਤਆਿਰੀ ਬਾਰੇ ਸਭ ਪਤਾ ਕਰ ਸਕਦੇ ਹੋ ਅਤੇ ਤੁਹਾਨੂੰ ਸਰਜਰੀ ਲਈ ਰੈਫ਼ਰ ਕੀਤਾ ਜਾ ਸਕਦਾ ਹੈ, ਹਾਲਾਂਕਿ ਸਰਜਰੀ ਕਰਾਉਣ ਲਈ ਤੁਹਾਨੂੰ ਐੱਮ ਐੱਸ ਪੀ ਕਵਰੇਜ ਦੀ ਲੋੜ ਹੋਵੇਗੀ।

ਹਮੇਸ਼ਾ ਵਾਂਗ, ਯਕੀਨੀ ਬਣਾਓ ਕਿ ਤੁਸੀ ਸਹਿਤ ਸੇਵਾ ਪ੍ਰਦਾਨ ਕਰਤਾ ਨੂੰ ਆਈ ਐੱਫ਼ ਐੱਚ ਪੀ ਕਵਰੇਜ ਦੀ ਪੁਸ਼ਟੀ ਕੀਤੀ ਹੈ।

Trans Care BC
Provincial Health Services Authority

# ਅੰਤਰਮਿ (ਆਰਜ਼ੀ) ਫੈਡਰਲ ਹੈਲਥ ਪ੍ਰੋਗਰਾਮ ‘ਤੇ ਲੰਿਗ-ਪ੍ਰਮਾਣਕਿ ਸਹਿਤ ਸੇਵਾਵਾਂ ਤੱਕ ਪਹੁੰਚ ਕਰਨਾ।

## ਹੋਰ ਨੁਸਖ਼ੇ

- ਆਈ ਐੱਫ਼ ਐੱਚ ਪੀ ਕੋਲ ਇਲਾਜ ਲਈ ਮਰੀਜ਼ਾਂ ਦੀ ਅਦਾਇਗੀ ਕਰਨ ਲਈ ਕੋਈ ਪ੍ਰੋਗਰਾਮ ਉਪਲਬਧ ਨਹੀ ਹੈ, ਭਾਵੇਂ ਉਹ ਆਈ ਐੱਫ਼ ਐੱਚ ਪੀ ਦੀ ਕਵਰੇਜ ਦੇ ਅੰਦਰ ਫੱਿਟ ਹੋਣ। ਯਕੀਨੀ ਬਣਾਓ ਕਿ ਤੁਹਾਡਾ ਸਹਿਤ ਸੇਵਾ ਦੇਣ ਵਾਲਾ ਆਈ ਐੱਫ਼ ਐੱਚ ਪੀ ਕੋਲੋਂ ਕਵਰੇਜ ਬਾਰੇ ਪੜਤਾਲ ਕਰਦਾ ਹੈ। ਸੇਵਾਵਾਂ ਲਈ ਆਪਣੇ ਵੱਿਤ ਤੋਂ ਵੱਧ ਦਾ ਭੁਗਤਾਨ ਨਾ ਕਰੋ ਜਦੋਂ ਤੱਕ ਤੁਹਾਨੂੰ ਉਸ ਪੈਸੇ ਦੀ ਵਾਪਸ ਅਦਾਇਗੀ ਹੋਣ ਦਾ ਪਤਾ ਨਾ ਹੋਵੇ। ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਤੁਹਾਡੀ ਤਰਫ਼ੋਂ ਆਈ ਐੱਫ਼ ਐੱਚ ਪੀ ਨੂੰ ਸੱਿਧਾ ਬਲਿ ਭੇਜਣਾ ਚਾਹੀਦਾ ਹੈ।
- ਜੇਕਰ ਤੁਸੀ ਜੇਬ ਤੋਂ ਬਾਹਰ (ਆਪਣੇ ਵੱਿਤ ਤੋਂ ਵੱਧ) ਭੁਗਤਾਨ ਕਰਦੇ ਹੋ ਤਾਂ ਤੁਸੀ ਸੇਵਾ ਪ੍ਰਦਾਨ ਕਰਤਾ/ਫਾਰਮੇਸੀ ਨੂੰ ਇਲਾਜ ਲਈ ਆਈ ਐੱਫ਼ ਐੱਚ ਪੀ ਨੂੰ ਬਲਿ ਭੇਜਣ ਲਈ ਕਹਿ ਸਕਦੇ ਹੋ ਅਤੇ ਵਾਪਸ ਭੁਗਤਾਨ ਪ੍ਰਾਪਤ ਹੋਣ ਤੋਂ ਬਾਅਦ ਉਹ ਤੁਹਾਨੂੰ ਵਾਪਸ ਅਦਾਇਗੀ ਕਰ ਸਕਦੇ ਹਨ। ਕੁਝ ਸਥਤਿੀਆਂ ਵੱਿਚ ਇਹ ਸੰਭਵ ਹੋ ਸਕਦਾ ਹੈ।
- ਜ਼ਆਿਦਾਤਰ ਇਲਾਜਾਂ ਲਈ ਪ੍ਰਯੋਗਸ਼ਾਲਾਵਾਂ ਦੇ ਟੈੱਸਟਾਂ ਦੀ ਲੋੜ ਹੁੰਦੀ ਹੈ, ਜਵਿੇਂ ਕਿ ਖੂਨ ਦੇ ਟੈਸਟ। ਹਾਲਾਂਕਿ ਇਹਨਾਂ ਟੈੱਸਟਾਂ ਨੂੰ ਕਵਰ ਕੀਤਾ ਜਾਣਾ ਚਾਹੀਦਾ ਹੈ, ਜੇ ਮਰੀਜ਼ਾਂ ਨੂੰ ਜੇਬ ਤੋਂ ਭੁਗਤਾਨ ਕਰਨਾ ਪਿਆ ਹੈ, ਉਹ ਆਈ ਐੱਫ਼ ਐੱਚ ਪੀ ਜਾਂ ਲਾਈਫ਼ ਲੈਬ ਤੋਂ ਅਦਾਇਗੀ ਪ੍ਰਾਪਤ ਕਰਨ ਵੱਿਚ ਅਸਮਰਥ ਹਨ। ਅਸੀ ਉਮੀਦ ਕਰਦੇ ਹਾਂ ਕਿ ਇਹ ਬਦਲ ਜਾਵੇਗਾ, ਪਰ ਹਾਲੇ ਤੁਹਾਨੂੰ ਇਹਨਾਂ ਟੈੱਸਟਾਂ ਲਈ ਭੁਗਤਾਨ ਕਰਨ ਲਈ ਤਆਿਰ ਰਹਣਿਾ ਪਵੇਗਾ।
- ਯਕੀਨੀ ਬਣਾਓ ਕਿ ਸਾਰੇ ਸਹਿਤ ਸੰਭਾਲ ਪ੍ਰਦਾਨ ਕਰਤਾ ਹਰੇਕ ਪੜਾਅ ‘ਤੇ ਆਈ ਐੱਫ਼ ਐੱਚ ਪੀ ਰਜਸਿਟਰਡ ਹਨ ਜਾਂ ਇਲਾਜ ਕਵਰ ਨਹੀ ਕੀਤੇ ਜਾਣਗੇ, ਉਹਨਾਂ ਸਮੇਤ ਜਨ੍ਹਿਾਂ ਸਹਿਤ ਸੇਵਾ ਦੇਣ ਵਾਲਿਆਂ ਕੋਲ ਤੁਹਾਨੂੰ ਰੈਫ਼ਰ ਕੀਤਾ ਗਆਿ।
- ਸਹਿਤ ਸੰਭਾਲ ਦੇਣ ਵਾਲੇ ਆਈ ਐੱਫ਼ ਐੱਚ ਪੀ ਸਹਿਤ ਸੇਵਾ ਪ੍ਰਦਾਨ ਕਰਤਾ ਵਜੋਂ ਰਜਸਿਟਰ ਕਰ ਸਕਦੇ ਹਨ ਜੇਕਰ ਉਹ ਪਹਲਿਾਂ ਤੋਂ ਨਹੀ ਹਨ। ਹੋ ਸਕਦਾ ਹੈ ਕਿ ਤੁਹਾਡਾ ਸਹਿਤ ਪ੍ਰਦਾਨ ਕਰਤਾ ਅਜਹਿਾ ਕਰਨ ਲਈ ਤਆਿਰ ਹੋਵੇ ਜਾਂ ਨਾ ਹੋਵੇ, ਪਰ ਹੋਰ ਜਾਣਕਾਰੀ **ਇੱਥੇ** ਲੱਭੀ ਜਾ ਸਕਦੀ ਹੈ।

## ਹੋਰ ਸਰੋਤ

ਤੁਸੀ **ਇੱਥੇ** ਇੱਕ ਟ੍ਰਾਂਸਜੈਂਡਰ/ਲੰਿਗ-ਵਭਿੰਿਨ ਸ਼ਰਨਾਰਥੀ ਵਜੋਂ ਆਪਣੇ ਅਧਕਿਾਰਾਂ ਬਾਰੇ ਹੋਰ ਪੜ੍ਹ ਸਕਦੇ ਹੋ।

ਤੁਸੀਂ **ਇੱਥ** ਸ਼ਰਨਾਰਥੀ ਪ੍ਰਕਰਿਆਿ ਬਾਰੇ ਹੋਰ ਪੜ੍ਹ ਸਕਦੇ ਹੋ ਅਤੇ ਟ੍ਰਾਂਸ ਸ਼ਰਨਾਰਥੀ ਨੈਵੀਗੇਸ਼ਨ (ਰਾਹ ਦੱਸਣ ਵਾਲੀਆਂ) ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ।

ਤੁਸੀ **ਇੱਥੇ** ਕੈਨੇਡਾ ਵੱਿਚ ਸਮਲੰਿਗੀ ਅਤੇ ਟ੍ਰਾਂਸ ਰਫ਼ਿਊਿਜੀ ਸੁਣਵਾਈਆਂ ਲਈ ਇੱਕ ਟੂਲ-ਕੱਿਟ ਤੱਕ ਪਹੁੰਚ ਕਰ ਸਕਦੇ ਹੋ।

ਤੁਸੀ **ਇੱਥੇ** ਲੰਿਗ-ਪੁਸ਼ਟੀ ਸੇਵਾ ਅਤੇ ਸਹਿਤ ਸੇਵਾ ਨੈਵੀਗੇਸ਼ਨ ਤੱਕ ਪਹੁੰਚ ਕਰਨ ਬਾਰੇ ਹੋਰ ਪੜ੍ਹ ਸਕਦੇ ਹੋ।